Ref. No. PTU/Reg/7057 Dated 05-03-2015

ਪ੍ਰਿੰਸੀਪਲ/ਡਾਇਰੈਕਟਰ,
ਸਾਰੇ ਕਾਲਜਾਂ,ਪੀ.ਆਈ.ਟੀਜ ਅਤੇ ਪੀ.ਆਈ.ਐਮਜ.।

**ਵਿਸ਼ਾ: ਯੂਨੀਵਰਸਿਟੀ ਅਧੀਨ ਆਉਂਦੇ ਸਾਰੇ ਕਾਲਜਾਂ ਨੂੰ ਤੰਬਾਕੂ ਮੁਕਤ ਘੋਸ਼ਿਤ ਕਰਨ ਸਬੰਧੀ।**

**ਹਵਾਲਾ: ਪੱਤਰ ਨੰ. PS/PSHFW/2015/29 ਮਿਤੀ 09.02.15 ਦੇ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧੀ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਹਵਾਲਾ ਪੱਤਰ ਰਾਹੀਂ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਦੇ ਅਧੀਨ ਆ ਰਹੇ ਸਾਰੇ ਕਾਲਜਾਂ, ਪੀ.ਆਈ.ਟੀਜ. ਅਤੇ ਪੀ.ਆਈ.ਐਮਜ. ਨੂੰ ਤੰਬਾਕੂ ਕੰਟਰੋਲ ਐਕਟ 2003 ਦੀ ਪਾਲਣਾ ਕਰਨ ਬਾਰੇ ਹਿਦਾਇਤ ਮਿਲੀ ਹੈ, ਜਿਸ ਅਨੁਸਾਰ ਕਿਸੇ ਵੀ ਜਨਤਕ ਸਥਾਨ ਤੇ ਤੰਬਾਕੂ ਨੋਸ਼ੀ ਕਰਨ ਦੀ ਮਨਾਹੀ ਹੈ ਅਤੇ ਕਿਸੇ ਵੀ ਵਿਦਿਅਕ ਅਦਾਰੇ ਦੇ 100 ਗਜ਼ ਦੇ ਘੇਰੇ ਦੇ ਅੰਦਰ ਕਿਸੇ ਵੀ ਤਰ੍ਹਾ ਦੇ ਤੰਬਾਕੂ ਉਤਪਾਦਨ ਦੀ ਵਿਕਰੀ ਤੇ ਰੋਕ ਹੈ।

ਆਪ ਜੀ ਦੇ ਧਿਆਂਨ ਵਿੱਚ ਲਿਆਂਦਾ ਜਾਂਦਾ ਹੈ ਕਿ ਹੈ ਕਿ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਆਪਣੇ ਕੈਂਪਸ਼ ਨੂੰ ਅਗਸਤ–2013 ਤੋਂ ਤੰਬਾਕੂ ਮੁਕਤ ਘੋਸ਼ਿਤ ਕੀਤਾ ਹੈ।

ਉਕਤ ਦੇ ਸਬੰਧ ਵਿੱਚ ਯੂਨੀਵਰਸਿਟੀ ਅਧੀਨ ਆਉਂਦੇ ਸਾਰੇ ਕਾਲਜਾਂ ਪੀ.ਆਈ.ਟੀਜ ਅਤੇ ਪੀ.ਆਈ.ਐਮਜ. ਦੇ ਪ੍ਰਿੰਸੀਪਲ/ ਡਾਇਰੈਕਟਰ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਉਹ ਹੇਠ ਲਿਖੇ ਅਨੁਸਾਰ ਤਰੁੰਤ ਕਾਰਵਾਈ ਕਰਨ:

| ਧਾਰਾ | ਵਿਸ਼ਲੇਸ਼ਨ | ਸਜ਼ਾ | ਕਾਰਵਾਈ |
|---|---|---|---|
| ਸੈਕਸ਼ਨ–6 | 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਅਤੇ ਕਿਸੀ ਵੀ ਸਿਖਿਅਕ ਅਦਾਰੇ ਦੇ 100 ਗਜ਼ ਵਿੱਚ ਸਿਗਰੇਟ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਤੇ ਪੂਰਣ ਮਨਾਹੀ ਹੈ। | 200 ਰੁਪਏ ਤੱਕ | ਹਰ ਸਿਖਿਅਕ ਅਦਾਰੇ ਦੇ ਬਾਹਰਲੀ ਦੀਵਾਰ ਤੇ "ਸਿਖਿਅਕ ਅਦਾਰੇ ਦੇ 100 ਗਜ਼ ਦੇ ਘੇਰੇ ਅੰਦਰ ਸਿਗਰੇਟ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਤੇ ਮਨਾਹੀ ਹੈ" ਦਾ ਬੋਰਡ ਲੱਗਿਆ ਹੋਣਾ ਚਾਹੀਦਾ ਹੈ। |
| ਸੈਕਸ਼ਨ–4 | ਜਨਤਕ ਥਾਵਾਂ (ਜਿਥੇ ਲੋਕ ਅਸਾਨੀ ਨਾਲ ਆ ਜਾ ਸਕਦੇ ਹਨ) ਤੇ ਤੰਬਾਕੂ ਨੋਸ਼ੀ ਤੇ ਰੋਕ। | 1.ਵਿਅਕਤੀਗਤ ਅਪਰਾਧੀ ਦੇ ਲਈ 200 ਰੁਪਏ ਤੱਕ। 2.ਜਗ੍ਹਾ ਦਾ ਮਾਲਕ/ਸਵਾਮੀ, ਪ੍ਰਬੰਧਕ ਜਾਂ ਉੱਚ ਅਧਿਕਾਰੀ ਦੇ ਲਈ ਜਨਤਕ ਸਥਾਨਾਂ ਵਿੱਚ ਗੁਨਾਹਾਂ ਦੀ ਗਿਣਤੀ ਦੇ ਬਰਾਬਰ ਦਾ ਜ਼ੁਰਮਾਨਾ। | ਹਰੇਕ ਜਨਤਕ ਸਥਾਨ ਤੇ ਚਿਤਾਵਨੀ ਸੂਚਨਾ ਪ੍ਰਦਰਸ਼ਿਤ ਹੋਣੀ ਚਾਹੀਦੀ ਹੈ। |
| ਨੋਟ– ਵਧੇਰੇ ਜਾਣਕਾਰੀ ਲਈ ਤੁਸੀਂ ਸਿਹਤ ਵਿਭਾਗ ਦੀ ਵੈਬਸਾਈਟ www.pbhealth.gov.in/tobacco.html ਵੀ ਵੇਖ ਸਕਦੇ ਹੋ। | | | |

ਪੇਜ-1/2



Punjab Technical University, Jalandhar
Jalandhar-Kapurthala Highway, Near Science City, Kapurthala-144601. Ph. 01822-662521
Fax : 01822-255506, 662526, 25 website : www.ptu.ac.in Email : registrar@ptu.ac.in

ਅਜਿਹਾ ਕਰਨਾ ਅੱਜ ਦੀ ਯੁਵਾ ਪੀੜ੍ਹੀ ਅਤੇ ਭਵਿੱਖ ਦੀ ਯੁਵਾ ਪੀੜ੍ਹੀ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾ ਬਾਰੇ ਸੂਚੇਤ ਕਰਨ ਲਈ ਬਹੁਤ ਹੀ ਸਹਾਈ ਸਿੱਧ ਹੋਵੇਗੀ ।

05/03/15

ਰਜਿਸਟਰਾਰ

ਉਤਾਰਾ:-1. ਪ੍ਰਮੁੱਖ ਸਕੱਤਰ: ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ।

2.ਉਪ-ਕੁਲਪਤੀ ਦਫਤਰ : ਉਪ-ਕੁਲਪਤੀ ਜੀ ਦੀ ਜਾਣਕਾਰੀ ਹਿੱਤ

3.ਡਿਪਟੀ ਕੰਟਰੋਲਰ, ਪ੍ਰੀਖਿਆਂਵਾ: ਸਾਰੇ ਕਾਲਜਾਂ,ਪੀ.ਆਈ.ਟੀਜ ਅਤੇ ਪੀ.ਆਈ.ਐਮਜ. ਦੇ Login ਵਿੱਚ ਪਾਉਣ ਸਬੰਧੀ।

4.ਡਿਪਟੀ ਰਜਿਸਟਰਾਰ, ਕੰਪਿਊਟਰ: ਯੂਨਵਿਰਸਿਟੀ ਦੀ ਵੈਬਸਾਈਟ ਤੇ ਪਾਉਣ ਸਬੰਧੀ।

5.ਫਾਈਲ।